# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 20 ਸਤੰਬਰ, 2016 (ਮੰਗਲਵਾਰ) ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।**

**ਹਾਜ਼ਰ:-**

1. ਡਾ. ਅ.ਸ. ਬਰਾੜ,
   ਉਪ-ਕੁਲਪਤੀ . . . (ਸਭਾਪਤੀ)
2. ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ,
   (ਪ੍ਰਿੰਸੀਪਲ, ਐਸ. ਆਰ. ਗੌਰਮਿੰਟ ਕਾਲਜ ਫਾਰ ਵੂਮੈਨ, ਅੰਮ੍ਰਿਤਸਰ)
   ਨੁਮਾਇੰਦਾ-ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ
3. ਡਾ. ਨਵਦੀਪ ਸਿੰਘ ਤੁੰਗ,
   ਡੀਨ, ਅਕਾਦਮਿਕ ਮਾਮਲੇ
4. ਡਾ. ਅਜ਼ੀਜ ਅਬਾਸ
5. ਡਾ. ਅਤਿਮਾ ਸ਼ਰਮਾ
6. ਡਾ. ਅਮਰਜੀਤ ਸਿੰਘ ਸਿੱਧੂ
7. ਡਾ. ਦਲਜੀਤ ਸਿੰਘ ਅਰੋੜਾ
8. ਡਾ. ਗੁਰਪ੍ਰੀਤ ਕੌਰ
9. ਡਾ. ਗੁਰਮੀਤ ਸਿੰਘ
10. ਡਾ.(ਮਿਸਿਜ਼) ਗੁਰਸਤੇਜ ਗਾਂਧੀ
11. ਡਾ. ਹਰਬੀਰ ਸਿੰਘ ਮਾਣਕੂ
12. ਸ਼੍ਰੀ ਹਰਮੀਤ ਸਿੰਘ
13. ਮਿਸ. ਇੰਦਰਪ੍ਰੀਤ ਕੌਰ
14. ਆਰ. ਜੱਜਬੀਰ ਸਿੰਘ ਆਹਲੂਵਾਲੀਆ
15. ਸ਼੍ਰੀਮਤੀ ਜਗਜੀਤ ਕੌਰ
16. ਡਾ. ਕਮਲਜੀਤ ਸਿੰਘ
17. ਮਿਸਿਜ਼ ਮਾਨਸੀ
18. ਸ਼੍ਰੀਮਤੀ ਨੂਤਨ ਸ਼ਰਮਾ
19. ਸ. ਨਾਨਕ ਸਿੰਘ
20. ਡਾ. ਨਵਜੋਤ ਕੌਰ
21. ਮਿਸਿਜ਼ ਨੇਹਾ ਸੇਠੀ
22. ਡਾ. ਰਾਏ ਜਸਬੀਰ ਸਿੰਘ
23. ਡਾ. ਸੁਖਦੇਵ ਸਿੰਘ,
   (ਡੀਨ, ਲੈਂਗੁਏਜ਼ਿਜ ਫੈਕਲਟੀ)

24. ਡਾ.(ਮਿਸਿਜ਼) ਸੁਨਿੰਦਰ ਤੁੰਗ
25. ਡਾ. ਸੁਰਿੰਦਰਪਾਲ ਕੌਰ ਢਿੱਲੋਂ
26. ਡਾ.(ਮਿਸਿਜ਼) ਸਰੋਜ ਭੱਲਾ
27. ਡਾ. ਸੰਤੋਖ ਸਿੰਘ
28. ਡਾ. ਐਸ.ਐਸ. ਜੋਹਲ
29. ਮਿਸ. ਵੰਦਨਾ
30. ਡਾ. ਸ਼ਰਨਜੀਤ ਸਿੰਘ ਢਿੱਲੋਂ,
    ਰਜਿਸਟਰਾਰ . . . ਸਕੱਤਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ 'ਤੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ – ਡਾ. ਪਰਮਜੀਤ ਸਿੰਘ (ਡੀਨ, ਅਕਾਦਮਿਕ ਮਾਮਲੇ), ਡਾ. ਸੁਖਦੇਵ ਸਿੰਘ, ਡਾ.(ਮਿਸਿਜ਼) ਗੁਰਚਰਨ ਕੌਰ, ਡਾ. ਗੁਰਜੀਤ ਸਿੰਘ, ਡਾ. ਸੁਬੋਧ ਕੁਮਾਰ, ਡਾ. ਰਵੀ ਚਾਂਦ ਸਿੰਘ, ਮਿਸਿਜ਼ ਕਿੰਦਰਜੀਤ ਕੌਰ, ਡਾ. ਪਰਸ਼ੋਤਮ ਸਿੰਘ ਤਿਆਗੀ, ਸ਼੍ਰੀਮਤੀ ਭੁਪਿੰਦਰ ਕੌਰ, ਡਾ. ਗੁਰਨਾਮ ਕੌਰ ਬੇਦੀ, ਸ਼੍ਰੀਮਤੀ ਪਰਵਿੰਦਰ ਕੌਰ ਸਚਦੇਵਾ, ਡਾ.(ਮਿਸਿਜ਼) ਆਸ਼ਾ ਨਾਰੰਗ, ਸ਼੍ਰੀ ਆਰ.ਐਸ. ਕਾਲੜਾ, ਡਾ. ਰਮਨਦੀਪ ਸਿੰਘ ਨਾਰੰਗ, ਸ. ਜਸਪਾਲ ਸਿੰਘ ਬੱਗਾ, ਡਾ. ਐਸ.ਪੀ. ਸਿੰਘ, ਪ੍ਰੋ. ਐਸ. ਐਸ. ਗਿੱਲ, ਡਾ. ਡੀ.ਐਨ. ਜੌਹਰ, ਡਾ. ਸੱਤਿਆ ਪੀ. ਗੌਤਮ, ਸ. ਲਖਬੀਰ ਸਿੰਘ ਲੋਧੀਨੰਗਲ, ਪ੍ਰੋ. ਵਿਰਸਾ ਸਿੰਘ ਵਲਟੋਹਾ, ਸ. ਪ੍ਰਗਟ ਸਿੰਘ, ਸ. ਗੁਰਪ੍ਰਤਾਪ ਸਿੰਘ ਵਡਾਲਾ, ਡਾ. ਇਕਬਾਲ ਸਿੰਘ, ਸ਼੍ਰੀ ਪ੍ਰਮੋਦ ਸ਼ਰਮਾ, ਸ਼੍ਰੀਮਤੀ ਜੋਤੀ ਸੈਣੀ, ਸ. ਸਰਬਜੀਤ ਸਿੰਘ, ਮਿਸ. ਰਮਾ ਰਾਣੀ, ਮਿਸ. ਮਨਜੀਤ ਕੌਰ, ਮਿਸ. ਨਵਿਤਾ, ਸ਼੍ਰੀ ਰਜਨੀਸ਼ ਕੁਮਾਰ, ਮੇਜਰ ਜਨਰਲ ਜੇ.ਐਸ. ਘੁੰਮਣ, ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ, ਹਰਪ੍ਰੀਤ ਕੌਰ, ਜਯੋਤਿਕਾ ਤਾਂਗੜੀ, ਸਿਮਰਨਜੀਤ ਕੌਰ, ਨੀਲਮ, ਗਗਨਦੀਪ ਕੌਰ ਅਤੇ ਖੁਸ਼ਬੀਰ ਕੌਰ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਵਡਮੁੱਲੇ ਸੁਝਾਅ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਸੈਨੇਟ ਲਈ ਡਾ. ਨਵਦੀਪ ਸਿੰਘ ਤੁੰਗ (ਡੀਨ, ਅਕਾਦਮਿਕ ਮਾਮਲੇ), ਡਾ. ਸੁਖਦੇਵ ਸਿੰਘ (ਡੀਨ, ਲੈਂਗੂਏਜ਼ਿਜ ਫੈਕਲਟੀ), ਡਾ. ਸੁਖਦੇਵ ਸਿੰਘ (ਡੀਨ, ਫਿਜੀਕਲ ਐਜੂਕੇਸ਼ਨ ਫੈਕਲਟੀ), ਡਾ. ਗੁਰਪ੍ਰੀਤ ਕੌਰ, ਡਾ. ਕਮਲਜੀਤ ਸਿੰਘ, ਡਾ. ਸੁਰਿੰਦਰਪਾਲ ਕੌਰ ਢਿੱਲੋਂ, ਡਾ.(ਮਿਸਿਜ਼) ਸਰੋਜ ਭੱਲਾ, ਸ਼੍ਰੀਮਤੀ ਨੂਤਨ ਸ਼ਰਮਾ, ਡਾ.(ਮਿਸਿਜ਼) ਗੁਰਸਤੇਜ ਗਾਂਧੀ, ਸ਼੍ਰੀ ਹਰਮੀਤ ਸਿੰਘ, ਆਰ. ਜੱਜਬੀਰ ਸਿੰਘ ਆਹਲੂਵਾਲੀਆ, ਡਾ. ਕਵੀਪਾਲ ਸਿੰਘ, ਸ. ਜਤਿੰਦਰ ਸਿੰਘ ਬੱਗਾ, ਸ. ਇੰਦਰਪ੍ਰੀਤ ਸਿੰਘ ਚੱਢਾ, ਮਿਸਿਜ਼ ਰਜਨੀ ਬਾਂਸਲ, ਡਾ. ਨਵਜੋਤ ਕੌਰ, ਮਿਸਿਜ਼ ਰਵੀ ਸਿੱਧੂ, ਮਿਸਿਜ਼ ਨੇਹਾ ਸੇਠੀ, ਮਿਸ. ਇੰਦਰਪ੍ਰੀਤ ਕੌਰ, ਮਿਸ. ਵੰਦਨਾ, ਮਿਸਿਜ਼. ਮਾਨਸੀ ਅਤੇ ਸ਼੍ਰੀਮਤੀ ਜਗਜੀਤ ਕੌਰ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਆਸ

ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪ-ਕੁਲਪਤੀ ਸਾਹਿਬ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਦੱਸਣ ਵਿਚ ਬੜਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ National Institutional Ranking Frame work (NIRF), ਮਨਿਸਟਰੀ ਆਫ ਹਿਊਮਨ ਰਿਸੋਰਸ ਡਿਵੈਲਪਮੈਂਟ, ਭਾਰਤ ਸਰਕਾਰ ਦੇ ਮੁਤਾਬਕ ਉਚ ਦਰਜੇ ਵਾਲੇ ਇੰਸਟੀਚਿਊਟਸ ਵਿਚ ਸ਼ਾਮਲ ਕੀਤਾ ਗਿਆ ਹੈ। ਭਾਰਤ ਸਰਕਾਰ ਨੇ ਦੇਸ਼ ਭਰ ਦੀਆਂ ਸਾਰੀਆਂ ਯੂਨੀਵਰਸਿਟੀਆਂ ਅਤੇ ਇੰਸਟੀਚਿਊਟਸ (ਸਰਕਾਰੀ ਤੇ ਗੈਰ-ਸਰਕਾਰੀ) ਵਿਚੋਂ ਸਾਡੀ ਯੂਨੀਵਰਸਿਟੀ ਨੂੰ 25ਵਾਂ ਸਥਾਨ ਦਿੱਤਾ ਹੈ। U.G.C. ਵੱਲੋਂ ਪਹਿਲਾਂ ਹੀ ਸਾਡੀ ਯੂਨੀਵਰਸਿਟੀ ਨੂੰ "University with Potential for Excellence (UPE)" ਅਤੇ "Centre with Potential for Excellence in Particular Area (CPEPA)" ਦੇ ਦਰਜੇ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। Ministry of Science and Technology, Govt. of India ਨੇ PURSE programe ਦੇ 2nd Phase ਅਧੀਨ ਯੂਨੀਵਰਸਿਟੀ ਨੂੰ 17.05 ਕਰੋੜ ਰੁਪਏ ਦੀ ਗ੍ਰਾਂਟ ਮਨਜੂਰ ਕੀਤੀ ਹੈ ।

ਅੰਡਰ ਗ੍ਰੈਜੂਏਟ, ਪੋਸਟ-ਗ੍ਰੈਜੂਏਟ ਅਤੇ ਪੀਐਚ.ਡੀ. ਵਿਚ ਦਾਖਲੇ ਲਈ ਹਰ ਸਾਲ ਵਿਦਿਆਰਥੀਆਂ ਦਾ ਵਧ ਰਿਹਾ ਰੁਝਾਨ ਯੂਨੀਵਰਸਿਟੀ ਦੇ ਉੱਚੇ ਅਕਾਦਮਿਕ ਅਤੇ ਪ੍ਰੋਫੈਸ਼ਨਲ ਪੱਧਰ ਨੂੰ ਦਰਸਾਉਂਦਾ ਹੈ। ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਮਿਤੀ 17 ਜੂਨ ਤੋਂ 19 ਸਤੰਬਰ ਤੱਕ Axis Bank, Panacea Biotec ਕੰਪਨੀਆਂ ਵਲੋਂ ਵੱਖ-ਵੱਖ ਵਿਭਾਗਾਂ ਦੇ 44 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਅਗਸਤ, 2015 ਤੋਂ ਮਈ, 2016 ਤੱਕ ਬੈਚ 2016 ਦੇ ਕੁਲ 830 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ। ਇਸ ਤੋਂ ਇਲਾਵਾ Tata Consultancy Service, Capgemini, Nagarro, Infogain ਆਦਿ ਕੰਪਨੀਆਂ ਵਲੋਂ ਬੈਚ-2017 ਦੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਹੁਣ ਤੱਕ 347 ਵਿਦਿਆਰਥੀਆਂ ਦੀ ਪਲੇਸਮੈਂਟ ਕੀਤੀ ਗਈ ਹੈ। ਯੂਨੀਵਰਸਿਟੀ ਨੂੰ U.G.C. ਵੱਲੋਂ 30 ਕਰੋੜ ਰੁਪਏ ਦੀ ਗ੍ਰਾਂਟ equipments ਖਰੀਦਣ ਲਈ ਮਿਲੀ ਹੈ।

'ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ U.G.C. ਵੱਲੋਂ sponsor ਕੀਤਾ ਗਿਆ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ ਮਿਤੀ 23-24 ਜੂਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਾਬਾ ਬੰਦਾ ਸਿੰਘ ਬਹਾਦੁਰ : ਜੀਵਨ ਤੇ ਵਿਰਾਸਤ ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਜੱਥੇਦਾਰ ਅਵਤਾਰ ਸਿੰਘ ਮੱਕੜ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਪ੍ਰੋਫੈਸਰ ਦਿਲਬਾਗ ਸਿੰਘ ਨੇ ਕੁੰਜੀਵਤ ਭਾਸ਼ਣ ਦਿੱਤਾ ।

ਸਾਰੇ ਅਧਿਆਪਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਡੀ.ਏ. ਦੇ ਏਰੀਅਰ ਦੀ ਅਦਾਇਗੀ ਕਰ ਦਿੱਤੀ ਗਈ ਹੈ। ਰਿਟਾਇਰਡ ਵਿਅਕਤੀਆਂ ਨੂੰ ਵਧੇ ਹੋਏ ਡੀ.ਏ. ਦੇ ਨਾਲ ਉਨ੍ਹਾਂ ਦੇ ਬਣਦੇ ਸਾਰੇ retiral benefits ਵੀ ਨਾਲੋ-ਨਾਲ ਅਦਾ ਕਰ ਰਹੇ ਹਾਂ। ਹੁਣ ਸੱਤਵਾਂ ਪੇਅ ਕਮਿਸ਼ਨ ਵੀ ਲਾਗੂ ਹੋਣ ਜਾ ਰਿਹਾ ਹੈ, ਸਾਨੂੰ ਉਹ ਵੀ ਅਦਾ ਕਰਨਾ ਪਵੇਗਾ। ਯੂਨੀਵਰਸਿਟੀ ਦੀ ਇਨਕਮ ਇੰਨੀ ਨਹੀਂ

ਵਧ ਰਹੀ ਜਦਕਿ ਇਸਦੇ ਖਰਚੇ ਦਿਨ-ਬ-ਦਿਨ ਵਧੀ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖਰਚਿਆਂ ਦੀ ਪੂਰਤੀ ਲਈ ਉਹ ਫੀਸਾਂ ਵਧਾਉਣ ਦੇ ਪੱਖ ਵਿਚ ਨਹੀਂ ਹਨ। ਯੂਨੀਵਰਸਿਟੀ ਕੋਲ ਮਾਡਰਨ ਟੈਕਨਾਲੋਜੀ ਵਾਲੇ 30 ਲੈਕਚਰ ਥੀਏਟਰ ਹਨ। ਅਧਿਆਪਨ ਵਿਭਾਗਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਸਾਡੇ ਅਧਿਆਪਕਾਂ ਨੇ ਨੈਸ਼ਨਲ ਅਤੇ ਇੰਟਰਨੈਸ਼ਨਲ ਜਰਨਲਜ਼ ਵਿਚ ਰਿਸਰਚ ਪੇਪਰ ਪਬਲਿਸ਼ ਕੀਤੇ ਹਨ ਅਤੇ ਕਈ ਨੈਸ਼ਨਲ/ਇੰਟਰਨੈਸ਼ਨਲ ਕਾਨਫਰੰਸਾਂ/ਸੈਮੀਨਾਰ ਵੀ ਕਰਵਾਏ ਹਨ, ਜਿਨ੍ਹਾਂ ਦੇ ਨਤੀਜੇ ਸਦਕਾ ਸਾਡੇ ਅਧਿਆਪਕਾਂ ਕੋਲ ਪ੍ਰਤਿਸ਼ਠ ਪ੍ਰੋਜੈਕਟ ਹਨ ਅਤੇ ਯੂਨੀਵਰਸਿਟੀ ਨੂੰ UGC, DST, DBT ਅਤੇ ਹੋਰ ਫੰਡਿੰਗ ਏਜੰਸੀਆਂ ਵੱਲੋਂ ਕਰੋੜਾਂ ਰੁਪਏ ਦੀ ਗ੍ਰਾਂਟ ਅਤੇ Sophisticated Equipments ਨਾਲ ਨਿਵਾਜਿਆ ਗਿਆ ਹੈ। ਜਿਹੜਾ ਵੀ ਫੈਕਲਟੀ ਮੈਂਬਰ ਕਿਸੇ ਨੈਸ਼ਨਲ/ ਇੰਟਰਨੈਸ਼ਨਲ ਕਾਨਫਰੰਸ ਵਿਚ ਹਿੱਸਾ ਲੈਂਦਾ ਹੈ, ਉਸ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। DST ਅਤੇ U.G.C. ਵੱਲੋਂ ਯੂਨੀਵਰਸਿਟੀ ਨੂੰ ਹਰ ਸਾਲ ਕਰੋੜਾਂ ਰੁਪਏ ਦੀ ਗ੍ਰਾਂਟ ਮਿਲਦੀ ਹੈ। ਯੂਨੀਵਰਸਿਟੀ ਦੇ ਟੀਚਿੰਗ ਪੱਧਰ ਅਤੇ ਰਿਸਰਚ ਨੂੰ ਇੰਟਰਨੈਸ਼ਨਲ ਸਟੈਂਡਰਡ ਦਾ ਬਣਾਉਣ ਲਈ ਯਤਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਖੇਡਾਂ ਦੇ ਖੇਤਰ ਵਿਚ ਵੀ ਯੂਨੀਵਰਸਿਟੀ ਉੱਚ ਪੱਧਰ ਦੇ ਸਥਾਨ ਹਾਸਲ ਕਰ ਰਹੀ ਹੈ। 28 ਜੂਨ ਤੋਂ 2 ਜੁਲਾਈ ਤੱਕ ਹੈਦਰਾਬਾਦ ਵਿਖੇ ਹੋਈ 56$^{th}$ National Inter State Sr. Athletics Championship ਵਿੱਚ ਯੂਨੀਵਰਸਿਟੀ ਦੇ ਦੋ ਐਥਲੀਟਾਂ ਨੇ Punjab StateTeam in 4x100 m. Relay ਵਿੱਚ ਹਿੱਸਾ ਲਿਆ ਅਤੇ ਪੰਜਾਬ ਦੀ ਟੀਮ ਚੈਂਪੀਅਨਸ਼ਿਪ ਵਿੱਚ ਚੌਥੇ ਸਥਾਨ 'ਤੇ ਰਹੀ ਅਤੇ ਯੂਨੀਵਰਸਿਟੀ ਦੀ ਖਿਡਾਰਣ-ਨਵਜੀਤ ਕੌਰ ਨੇ Discus Throw ਵਿੱਚ Gold Medal ਅਤੇ Shot Put ਵਿੱਚ Silver Medal ਜਿੱਤਿਆ। 10 ਤੋਂ 13 ਸਤੰਬਰ ਤੱਕ ਪਟਿਆਲਾ ਵਿਖੇ ਹੋਈ All India Inter-University Rowing (Men & Women) Championship ਵਿੱਚ ਮਰਦਾਂ ਦੀ ਟੀਮ ਨੇ Double Skull 500 mtr. ਵਿੱਚ Gold Medal ਅਤੇ Double Skull 2000 mtr. ਵਿੱਚ Silver Medal ਜਿੱਤਿਆ ਅਤੇ ਮਹਿਲਾ ਟੀਮ ਨੇ Coxless four 500 mtr. ਵਿੱਚ Silver Medal ਜਿੱਤਿਆ।

ਉਨ੍ਹਾਂ ਕਿਹਾ ਕਿ ਜਦੋਂ ਸੱਤ ਸਾਲ ਪਹਿਲਾਂ ਉਹ ਇਸ ਯੂਨੀਵਰਸਿਟੀ ਵਿਚ ਆਏ ਸਨ ਤਾਂ ਉਨ੍ਹਾਂ ਨੇ ਯੂਨੀਵਰਸਿਟੀ ਵਿਚ ਕਰੈਡਿਟ ਬੇਸਡ ਇਵੈਲੂਏਸ਼ਨ ਸਿਸਟਮ ਸ਼ੁਰੂ ਕੀਤਾ। ਇਹ ਮੇਰੀ ਦਿਲੀ ਇੱਛਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਪੱਧਰ ਵੀ ਹਾਰਵਰਡ ਅਤੇ ਕੈਂਬਰਿਜ਼ ਯੂਨੀਵਰਸਿਟੀਆਂ ਦੇ ਬਰਾਬਰ ਹੋਵੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 8.3.2016 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 8.3.2016 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 8.3.2016 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਬਾਰੇ ਸਬੰਧਤ ਵਿਭਾਗਾਂ/ਸ਼ਾਖਾਵਾਂ ਨੂੰ ਸੂਚਿਤ ਕੀਤਾ ਗਿਆ।**

2. ਸਮੂਹ ਮੈਂਬਰ ਸਾਹਿਬਾਨ ਵੱਲੋਂ **ਨੋਟ ਕੀਤਾ ਗਿਆ** ਕਿ ਮਿਤੀ 8.3.2016 ਨੂੰ ਹੋਈ ਸੈਨੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ ਬਾਰੇ ਸਬੰਧਤ ਵਿਭਾਗਾਂ/ਸ਼ਾਖਾਵਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

**ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

3. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 13(1) ਦੀ ਧਾਰਾ (viii) (ਆਰਡੇਨਰੀ ਫੈਲੋ) ਅਧੀਨ ਮਿਤੀ 1.7.2016 ਤੋਂ 30.6.2018 ਤੱਕ ਦੇ ਸਮੇਂ ਲਈ ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਸਬੰਧੀ-

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 13(1) ਦੀ ਧਾਰਾ (viii) (ਆਰਡੇਨਰੀ ਫੈਲੋ) ਅਧੀਨ ਮਿਤੀ 1.7.2016 ਤੋਂ 30.6.2018 ਤੱਕ ਦੇ ਸਮੇਂ ਲਈ ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸੈਨੇਟ ਦੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

4. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 14(1) ਦੀ ਧਾਰਾ (viii) ਅਧੀਨ ਮਿਤੀ 1.7.2016 ਤੋਂ 30.6.2017 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਸਬੰਧੀ-

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 14(1) ਦੀ ਧਾਰਾ (viii) ਅਧੀਨ ਮਿਤੀ 1.7.2016 ਤੋਂ 30.6.2017 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸੈਨੇਟ ਦੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

5. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (iv) ਅਧੀਨ ਮਿਤੀ 1.7.2016 ਤੋਂ 30.6.2018 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਸਬੰਧੀ-

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (iv) ਅਧੀਨ ਮਿਤੀ 1.7.2016 ਤੋਂ 30.6.2018 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਯੂਨੀਵਰਸਿਟੀ ਦੀ 46ਵੀਂ ਸਾਲਾਨਾ ਰਿਪੋਰਟ ਦੀ ਪ੍ਰਵਾਨਗੀ।**

6. ਸਾਲ 2015 ਲਈ ਯੂਨੀਵਰਸਿਟੀ ਦੀ 46ਵੀਂ ਸਾਲਾਨਾ ਰਿਪੋਰਟ ਉੱਤੇ ਵਿਚਾਰ ਹੋਈ।

ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੇ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੂੰ

ਯੂਨੀਵਰਸਿਟੀ ਦੀ ਬੇਹਤਰ ਕਾਰਗੁਜ਼ਾਰੀ ਲਈ ਆਪਣੇ ਸੁਝਾਅ ਦੇਣ ਲਈ ਆਖਿਆ।

ਸਲਾਨਾ ਰਿਪੋਰਟ ਉਤੇ ਆਮ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਨੇ ਹੇਠ ਲਿਖੇ ਅਨੁਸਾਰ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਸਾਲ 2015 ਦੀ ਸਲਾਨਾ ਰਿਪੋਰਟ ਦੀ ਕਾਪੀ ਸਮੂਹ ਮੈਂਬਰ ਸਾਹਿਬਾਨ ਨੂੰ ਪਹਿਲਾਂ ਹੀ ਮੁਹੱਈਆ ਕਰਵਾਈ ਜਾ ਚੁੱਕੀ ਹੈ। ਆਸ ਹੈ ਕਿ ਆਪ ਸਭ ਨੇ ਇਹ ਰਿਪੋਰਟ ਚੰਗੀ ਤਰ੍ਹਾਂ ਪੜ੍ਹੀ ਅਤੇ ਘੋਖੀ ਹੋਵੇਗੀ। ਉਨ੍ਹਾਂ ਨੇ ਸਾਲ 2015 ਦੌਰਾਨ ਸਮੂਹ ਸੈਨੇਟ ਮੈਂਬਰ ਸਾਹਿਬਾਨ ਵੱਲੋਂ ਯੂਨੀਵਰਸਿਟੀ ਦੀ ਬਿਹਤਰ ਕਾਰਗੁਜ਼ਾਰੀ ਲਈ ਦਿੱਤੇ ਸਹਿਯੋਗ ਦੀ ਭਰਪੂਰ ਪ੍ਰਸ਼ੰਸਾ ਕੀਤੀ।

**ਡਾ. ਕਮਲਜੀਤ ਸਿੰਘ**

ਉਨ੍ਹਾਂ ਕਿਹਾ ਕਿ ਸਾਲ 2015 ਦੀ ਸਲਾਨਾ ਰਿਪੋਰਟ ਉਪ-ਕੁਲਪਤੀ ਸਾਹਿਬ ਵੱਲੋਂ ਹਰ ਖੇਤਰ ਵਿਚ ਪਾਏ ਵਡਮੁੱਲੇ ਯੋਗਦਾਨ ਦੀ ਤਸਵੀਰ ਪੇਸ਼ ਕਰਦੀ ਹੈ ਅਤੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਯੂਨੀਵਰਸਿਟੀ ਦੀ 46ਵੀਂ ਸਲਾਨਾ ਰਿਪੋਰਟ ਲਈ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ।

**ਸ. ਨਾਨਕ ਸਿੰਘ**

ਉਨ੍ਹਾਂ ਨੇ ਸਲਾਨਾ ਰਿਪੋਰਟ ਲਈ ਉਪ-ਕੁਲਪਤੀ ਸਾਹਿਬ ਦੀ ਪ੍ਰਸ਼ੰਸਾਂ ਕੀਤੀ ਤੇ ਉਨ੍ਹਾਂ ਨੂੰ ਵਧਾਈ ਦਿੱਤੀ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਦੱਸਿਆ ਕਿ ਇਸ ਸਾਲ ਯੂਨੀਵਰਸਿਟੀ ਬਿਜਨੈਸ ਸਕੂਲ ਦੀ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਸਪੋਰਟਸ ਹੋਸਟਲ ਅਤੇ ਲੜਕੀਆਂ ਦੇ ਦੋ ਹੋਸਟਲਾਂ ਦੀ ਵੀ ਉਸਾਰੀ ਕੀਤੀ ਗਈ ਹੈ। ਦੋ-ਤਿੰਨ ਸਾਲ ਪਹਿਲਾਂ ਹੋਸਟਲ ਵਿਚ ਰਹਿਣ ਵਾਲੀਆਂ ਲੜਕੀਆਂ ਦੀ ਗਿਣਤੀ ਜ਼ਿਆਦਾ ਸੀ, ਜਦੋਂਕਿ ਹੋਸਟਲਾਂ ਦੀ Capacity ਘੱਟ ਸੀ ਪਰ ਹੁਣ ਹੋਸਟਲਾਂ ਦੇ ਨਵੇਂ ਬਲਾਕ ਬਣਾਏ ਜਾਣ ਕਰਕੇ ਲੜਕੀਆਂ ਦੇ ਹੋਸਟਲਾਂ ਵਿਚ 2350 ਲੜਕੀਆਂ ਰਹਿ ਰਹੀਆਂ ਹਨ ਅਤੇ ਲੜਕਿਆਂ ਦੇ ਹੋਸਟਲ ਦਾ ਵੀ ਨਵਾਂ ਬਲਾਕ ਬਣਾਏ ਜਾਣ ਕਰਕੇ ਲੜਕਿਆਂ ਦੇ ਹੋਸਟਲਾਂ ਦੀ Capacity ਵੀ ਵਧ ਗਈ ਹੈ ਅਤੇ ਇਸ ਵੇਲੇ 1450 ਲੜਕਿਆਂ ਦੇ ਰਹਿਣ ਦਾ ਪ੍ਰਬੰਧ ਹੈ। ਯੂਨੀਵਰਸਿਟੀ ਵਿਚ ਲੜਕੀਆਂ ਦੀ ਗਿਣਤੀ 60% ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਕੋਲ ਬਹੁਤ ਸਾਰੇ Sophisticated Instruments ਹਨ, ਆਉਣ ਵਾਲੇ ਸਾਲਾਂ ਵਿਚ ਇਨ੍ਹਾਂ ਦੀ ਰਿਪੇਅਰ ਲਈ ਕਾਫੀ ਰਕਮ ਦੀ ਜ਼ਰੂਰਤ ਪਵੇਗੀ। ਸਾਇੰਸ ਦੇ equipments ਕਾਫੀ ਮਹਿੰਗੇ ਹਨ, ਜਿਸ ਲਈ ਇਨ੍ਹਾਂ ਦੀ ਰਿਪੇਅਰ ਲਈ ਵੀ ਹੋਰ ਗ੍ਰਾਟਾਂ ਦੀ ਜ਼ਰੂਰਤ ਪਵੇਗੀ।

**ਡਾ. ਐਸ. ਐਸ. ਜੋਹਲ**

ਉਨ੍ਹਾਂ ਕਿਹਾ ਕਿ ਕੀ ਇਨ੍ਹਾਂ Sophisticated Instruments ਦੀ ਰਿਪੇਅਰ ਘੱਟ ਕੀਮਤ ਵਿਚ ਨਹੀਂ ਹੋ ਸਕਦੀ?

**ਡਾ. ਕਮਲਜੀਤ ਸਿੰਘ**

ਉਨ੍ਹਾਂ ਕਿਹਾ ਕਿ ਇਨ੍ਹਾਂ Instruments ਦੀ ਰਿਪੇਅਰ ਲਈ ਹਰ ਕੋਸ਼ਿਸ ਕੀਤੀ ਜਾਂਦੀ ਹੈ ਕਿ ਵਧੀਆ ਫਰਮਾਂ ਪਾਸੋਂ ਘੱਟ ਤੋਂ ਘੱਟ ਰੇਟਾਂ 'ਤੇ ਰਿਪੇਅਰ ਕਰਵਾਈ ਜਾਵੇ ਫਿਰ ਵੀ ਇਸ ਵੇਲੇ ਰਿਪੇਅਰ ਲਈ ਘੱਟੋ-ਘੱਟ 4 ਕਰੋੜ ਰੁਪਏ ਦੀ ਜ਼ਰੂਰਤ ਹੈ ਅਤੇ ਇਨ੍ਹਾਂ ਲਈ ਫੰਡਾਂ ਦੇ ਹੋਰ ਸਾਧਨ ਪੈਦਾ ਕੀਤੇ ਜਾਣੇ ਚਾਹੀਦੇ ਹਨ।

**ਡਾ. ਅਮਰਜੀਤ ਸਿੰਘ ਸਿੱਧੂ**

ਉਨ੍ਹਾਂ ਕਿਹਾ ਕਿ ਸਾਡੀ ਯੂਨੀਵਰਸਿਟੀ ਉਪ-ਕੁਲਪਤੀ ਜੀ ਦੀ ਅਗਵਾਈ ਹੇਠ ਬਹੁਤ ਤਰੱਕੀ ਕਰ ਰਹੀ ਹੈ। ਸਾਲ 2015 ਦੀ ਸਲਾਨਾ ਰਿਪੋਰਟ ਬਹੁਤ ਵਧੀਆ ਹੈ। ਯੂਨੀਵਰਸਿਟੀ ਸਿਹਤ ਕੇਂਦਰ 'ਤੇ ਵੀ ਕਾਫੀ ਰਕਮ ਖਰਚ ਕਰਕੇ ਯੂਨੀਵਰਸਿਟੀ ਦੇ ਅਧਿਕਾਰੀਆਂ/ਕਰਮਚਾਰੀਆਂ ਲਈ ਸਿਹਤ ਕੇਂਦਰ ਵਿਖੇ ਲੋੜੀਂਦੇ equipments ਮੁਹੱਈਆ ਕਰਵਾਏ ਹਨ ਤਾਂ ਕਿ ਹਰ ਤਰ੍ਹਾਂ ਦੇ ਮੈਡੀਕਲ ਟੈਸਟ ਇੱਥੇ ਹੀ ਹੋ ਸਕਣ ਅਤੇ ਇਸ ਕੰਮ ਲਈ ਬਾਹਰ ਨਾ ਜਾਣਾ ਪਵੇ। ਸਿਹਤ ਕੇਂਦਰ ਦੇ ਫਿਜੀਓਥਰਾਪੀ ਸੈਂਟਰ ਵਿਚ ਰੋਜ਼ਾਨਾ ਤਕਰੀਬਨ 200 ਵਿਅਕਤੀ ਆਪਣਾ ਇਲਾਜ ਕਰਵਾਉਂਦੇ ਹਨ।

**ਡਾ. ਸੰਤੋਖ ਸਿੰਘ**

ਯੂਨੀਵਰਸਿਟੀ ਵਿਖੇ ਦਰੱਖਤਾਂ, ਫੁੱਲਦਾਰ ਬੂਟਿਆਂ ਅਤੇ ਭਰਪੂਰ ਹਰਿਆਲੀ ਲਈ ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਮਿਉਂਸਿਪਲ ਕਾਰਪੋਰੇਸ਼ਨ ਵੱਲੋਂ 'ਸਵੱਛ ਭਾਰਤ ਅਭਿਆਨ' ਤਹਿਤ ਆਰੰਭੇ ਪ੍ਰੋਜੈਕਟ ਅਧੀਨ ਜੇਕਰ ਯੂਨੀਵਰਸਿਟੀ ਆਪਣਾ ਯੋਗਦਾਨ ਪਾਏ ਤਾਂ ਹੋਰ ਵੀ ਵਧੀਆ ਹੋਵੇਗਾ।

**ਡਾ. ਸ਼ਰਨਜੀਤ ਸਿੰਘ ਢਿੱਲੋਂ (ਰਜਿਸਟਰਾਰ)**

ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿੱਚ ਇੱਕ ਖੁਲ੍ਹੀ ਜਗ੍ਹਾ (ਮੇਂਟੀਨੈਂਸ ਵਿਭਾਗ ਤੋਂ ਅੱਗੇ) ਉਤੇ ਇਕ SLRM (Solid-Liquid Resource Management) ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਸੈਨੀਟੇਸ਼ਨ ਵਿਭਾਗ ਵੱਲੋਂ ਕੈਂਪਸ ਵਿਚੋਂ ਇਕੱਤਰ ਕੀਤੇ Solid Waste ਵਿਚੋਂ ਉਹ ਵਸਤਾਂ sort-out ਕਰਵਾਈਆ ਜਾਂਦੀਆਂ ਹਨ, ਜਿਨ੍ਹਾਂ ਨੂੰ re-cycling ਤਹਿਤ ਅੱਗੇ ਤੋਂ ਵਰਤੋਂ ਵਿਚ ਲਿਆਂਦਾ ਜਾ ਸਕੇ ਅਤੇ ਇਹ ਵਸਤਾਂ ਕਬਾੜੀਆਂ ਨੂੰ ਵੇਚੀਆਂ ਜਾਂਦੀਆਂ ਹਨ ਜਿੱਥੋਂ ਯੂਨੀਵਰਸਿਟੀ ਨੂੰ ਵਿਤੀ ਲਾਭ ਵੀ ਹੁੰਦਾ ਹੈ ਅਤੇ Green Wastage ਨੂੰ ਇੱਕ ਡੂੰਘੇ ਟੋਏ ਵਿਚ ਸੁਟਵਾ ਕੇ ਇਸ ਤੋਂ ਰੂੜੀ ਬਣਾਈ ਜਾਂਦੀ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ 10-11 ਸਾਲ ਪਹਿਲਾਂ ਹੀ ਜੂਆਲੋਜੀ ਵਿਭਾਗ

ਵੱਲੋਂ Vermi-Compost ਖਾਦ ਤਿਆਰ ਕਰਨ ਦਾ ਇਕ ਪ੍ਰੋਜੈਕਟ ਆਰੰਭਿਆ ਗਿਆ ਸੀ ਜੋ ਕਿ ਬਾ-ਖੂਬੀ ਨਾਲ ਅਪਣਾ ਕੰਮ ਕਰਦਾ ਆ ਰਿਹਾ ਹੈ, ਇਸ ਦੇ ਤਹਿਤ ਲੜਕਿਆਂ ਅਤੇ ਲੜਕੀਆਂ ਦੇ ਹੋਸਟਲਾਂ ਦੀਆਂ ਕੰਨਟੀਨਾਂ ਤੋਂ ਸਬਜ਼ੀਆਂ ਆਦਿ ਦੀ Wastage ਨੂੰ ਸੈਨੀਟੇਸ਼ਨ ਵਿਭਾਗ ਦੇ ਕਰਮਚਾਰੀਆਂ ਪਾਸੋਂ ਇਕੱਤਰ ਕਰਵਾ ਕੇ ਇਸ ਤੋਂ vermi-compost ਖਾਦ ਤਿਆਰ ਕੀਤੀ ਜਾਂਦੀ ਹੈ, ਜਿਸ ਨੂੰ ਯੂਨੀਵਰਸਿਟੀ ਦੇ ਲੈਂਡ-ਸਕੇਪ ਵਿਭਾਗ ਵੱਲੋਂ ਬੂਟਿਆਂ ਤੇ ਫੁੱਲਦਾਰ ਪੌਦਿਆਂ ਲਈ ਵਰਤਿਆਂ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਸਫ਼ਾਈ ਕਰਮਚਾਰੀਆਂ ਤੇ ਲੈਂਡ-ਸਕੇਪ ਵਿਭਾਗ ਵੱਲੋਂ ਕੈਂਪਸ ਵਿਚੋਂ ਇਕੱਠੇ ਕੀਤੇ ਪੱਤਿਆਂ ਨੂੰ ਵੀ ਇੱਕ ਡੂੰਘੇ ਟੋਏ ਵਿਚ ਸੁਟਵਾ ਕੇ ਇਸ ਤੋਂ ਰੂੜੀ ਤਿਆਰ ਕਰਵਾਈ ਜਾਂਦੀ ਹੈ ਜੋ ਕਿ ਬੂਟਿਆਂ ਲਈ ਵਰਤੀ ਜਾਂਦੀ ਹੈ।

<u>**ਉਪ-ਕੁਲਪਤੀ ਸਾਹਿਬ**</u>

ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦਾ ਕੈਂਪਸ ਬੜਾ ਹੀ ਸਾਫ-ਸੁਥਰਾ ਹੈ, ਇਸੇ ਨੂੰ ਮੱਦੇ ਨਜ਼ਰ ਰੱਖਦਿਆਂ ਹੁਣੇ ਹੀ 50 ਸੈਟ Dustbins ਖਰੀਦੇ ਗਏ ਹਨ ਫਿਰ ਵੀ ਜੇਕਰ ਵਿਦਿਆਰਥੀ, ਕਰਮਚਾਰੀ ਤੇ ਕੈਂਪਸ ਨਿਵਾਸੀ ਸਾਫ ਸਫਾਈ ਵਿਚ ਸਹਿਯੋਗ ਦੇਣ ਤਾਂ ਹੀ ਯੂਨੀਵਰਸਿਟੀ ਨੂੰ ਸਾਫ ਸੁਥਰਾ ਰੱਖਿਆ ਜਾ ਸਕਦਾ ਹੈ।

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਸਾਲ 2015 ਲਈ ਯੂਨੀਵਰਸਿਟੀ ਦੀ 46ਵੀਂ ਸਲਾਨਾ ਰਿਪੋਰਟ ਪ੍ਰਵਾਨ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 16.6.2016 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

7. ਸਿੰਡੀਕੇਟ ਦੀ ਇਕੱਤਰਤਾ ਮਿਤੀ 16.6.2016 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ‘ਤੇ ਵਿਚਾਰ ਹੋਈ:-

(i) (ੳ) ਪਠਾਨਕੋਟ ਕਾਲਜ ਆਫ ਐਜੂਕੇਸ਼ਨ, ਮਾਮੂਨ (ਪਠਾਨਕੋਟ) ਨੂੰ ਪੱਕੀ ਸੰਬੱਧਤਾ ਪ੍ਰਦਾਨ ਕਰਨ ਸਬੰਧੀ ਨਿਰੀਖਣ ਕਮੇਟੀ (Inspection Committee) ਦੀ ਰਿਪੋਰਟ ਮਿਤੀ 28.1.2016 (**ਅੰਤਿਕਾ-1** ਅਨੁਸਾਰ) ਨੂੰ ਮੁੱਖ ਰੱਖਦਿਆਂ ਉਕਤ ਕਾਲਜ ਨੂੰ ਪੱਕੀ ਸੰਬੱਧਤਾ ਪ੍ਰਦਾਨ ਕੀਤੀ ਜਾਵੇ।

(ਅ) ਬਾਬਾ ਮੇਹਰ ਸਿੰਘ ਮੈਮੋਰੀਅਲ ਕਾਲਜ ਆਫ ਐਜੂਕੇਸ਼ਨ, ਪੁਰਾਣਾ ਸ਼ਾਲਾ (ਗੁਰਦਾਸਪੁਰ) ਨੂੰ ਪੱਕੀ ਸੰਬੱਧਤਾ ਪ੍ਰਦਾਨ ਕਰਨ ਸਬੰਧੀ ਨਿਰੀਖਣ ਕਮੇਟੀ (Inspection Committee) ਦੀ ਰਿਪੋਰਟ ਮਿਤੀ 23.3.2016 (**ਅੰਤਿਕਾ-2** ਅਨੁਸਾਰ) ਨੂੰ ਮੁੱਖ ਰੱਖਦਿਆਂ ਉਕਤ ਕਾਲਜ ਨੂੰ ਪੱਕੀ ਸੰਬੱਧਤਾ ਪ੍ਰਦਾਨ ਕੀਤੀ ਜਾਵੇ ।

(ੲ) ਸ਼ਹੀਦ ਭਗਤ ਸਿੰਘ ਕਾਲਜ ਆਫ ਐਜੂਕੇਸ਼ਨ, ਕੈਰੋਂ, ਪੱਟੀ (ਤਰਨ ਤਾਰਨ) ਨੂੰ ਪੱਕੀ ਸੰਬੱਧਤਾ ਪ੍ਰਦਾਨ ਕਰਨ ਸਬੰਧੀ ਨਿਰੀਖਣ ਕਮੇਟੀ (Inspection Committee) ਦੀ ਰਿਪੋਰਟ ਮਿਤੀ 12.2.2016 (**ਅੰਤਿਕਾ-3** ਅਨੁਸਾਰ) ਨੂੰ ਮੁੱਖ ਰੱਖਦਿਆਂ ਉਕਤ ਕਾਲਜ ਨੂੰ ਪੱਕੀ ਸੰਬੱਧਤਾ ਪ੍ਰਦਾਨ ਕੀਤੀ ਜਾਵੇ ।

(ਸ) ਡਿਪਸ ਕਾਲਜ ਆਫ ਐਜੂਕੇਸ਼ਨ, ਢਿਲਵਾਂ, ਕਪੂਰਥਲਾ ਨੂੰ ਪੱਕੀ ਸੰਬੱਧਤਾ ਪ੍ਰਦਾਨ ਕਰਨ ਸਬੰਧੀ ਨਿਰੀਖਣ ਕਮੇਟੀ (Inspection Committee) ਦੀ

ਰਿਪੋਰਟ ਮਿਤੀ 19.5.2016 (**ਅੰਤਿਕਾ–4** ਅਨੁਸਾਰ) ਨੂੰ ਮੁੱਖ ਰੱਖਦਿਆਂ ਉਕਤ ਕਾਲਜ ਨੂੰ ਪੱਕੀ ਸੰਬੱਧਤਾ ਪ੍ਰਦਾਨ ਕੀਤੀ ਜਾਵੇ ।

(ਸਿੰਡੀਕੇਟ ਪੈਰਾ 43)

(ii) ਮੁਖੀ, ਕੰਪਿਊਟਰ ਸਾਇੰਸ ਵਿਭਾਗ ਅਤੇ ਡੀਨ, ਫੈਕਲਟੀ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2016–17 ਤੋਂ ਆਰ.ਆਰ.ਐਮ.ਕੇ. ਆਰੀਆ ਮਹਿਲਾ ਮਹਾਂ ਵਿਦਿਆਲਿਆ, ਪਠਾਨਕੋਟ ਵਿਖੇ ਬੀ.ਏ./ਬੀ.ਐਸਸੀ. (ਸਮੈਸਟਰ I-II) ਵਿਚ Information Technology Specialization Software Development (Vocational) ਵਿਸ਼ਾ ਲਾਗੂ ਕਰਨ ਅਤੇ ਉਕਤ ਵਿਸ਼ੇ ਨੂੰ ਵੋਕੇਸ਼ਨਲ ਵਿਸ਼ੇ ਦੇ ਗਰੁੱਪਾਂ ਵਿਚੋਂ ਤੀਸਰੇ ਗੁਰੱਪ ਵਿਚ ਸ਼ਾਮਿਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ।

(ਸਿੰਡੀਕੇਟ ਪੈਰਾ 59)

(iii) ਮੁਖੀ, ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਅਤੇ ਡੀਨ, ਫੈਕਲਟੀ ਆਫ ਸਾਇੰਸਜ਼ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2016–17 ਤੋਂ B.Tech.(Sugar & Alcohol Technology) (CBCEGS) ਕੋਰਸ ਬੰਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 60)

(iv) ਮੁਖੀ, ਸੰਗੀਤ ਵਿਭਾਗ ਅਤੇ ਡੀਨ, ਫੈਕਲਟੀ ਆਫ ਵਿਜ਼ੂਅਲ ਆਰਟਸ ਐਂਡ ਪਰਫਾਰਮਿੰਗ ਆਰਟਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2016–17 ਤੋਂ M.A. (Commercial Arts) ਕੋਰਸ Discontinued ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ।

(ਸਿੰਡੀਕੇਟ ਪੈਰਾ 61)

(v) ਬੋਰਡ ਆਫ ਕੰਟ੍ਰੋਲ, ਮਾਈਕ੍ਰੋਬਿਆਲੋਜੀ ਵਿਭਾਗ ਅਤੇ ਮੁਖੀ, ਮਾਈਕ੍ਰੋਬਿਆਲੋਜੀ ਵਿਭਾਗ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2016–17 ਤੋਂ M.Sc. Fermentation & Microbial Technology (FMT) ਕੋਰਸ ਬੰਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ।

(ਸਿੰਡੀਕੇਟ ਪੈਰਾ 62)

(vi) ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 29.1.2016 ਦੀ ਮੱਦ 'A' III ਦੇ ਲੜੀ ਨੰ: 7 ਅਨੁਸਾਰ M.A. (Media Studies and Production) ਕੋਰਸ ਬੰਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ।

(ਸਿੰਡੀਕੇਟ ਪੈਰਾ 63)

(vii) ਚੇਅਰਮੈਨ, ਪਾਠ ਸਿੱਖਿਆ ਬੋਰਡ (ਕੰਪਿਊਟਰ ਸਾਇੰਸ) ਅਤੇ ਡੀਨ, ਫੈਕਲਟੀ ਆਫ ਇੰਜੀਨੀਅਰਿੰਗ ਤੇ ਟੈਕਨਾਲੋਜੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2016–17 ਤੋਂ Bachelor of Internet and Mobile Technologies (Four Years Programme) ਦਾ ਨਾਮ ਬਦਲ ਕੇ B.Sc. (Internet and Mobile Technologies) (Three Years Programme) ਕਰਨ ਅਤੇ ਇਸ ਕੋਰਸ ਦੀ Duration ਚਾਰ ਸਾਲ ਤੋਂ ਘਟਾ ਕੇ ਤਿੰਨ ਸਾਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 64)

(viii) ਮੁਖੀ, ਸੰਗੀਤ ਵਿਭਾਗ ਅਤੇ ਡੀਨ, ਫੈਕਲਟੀ ਆਫ ਵਿਜ਼ੂਅਲ ਆਰਟਸ ਤੇ ਪਰਫਾਰਮਿੰਗ ਆਰਟਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2016–17 ਤੋਂ

Bachelor of Multimedia ਦਾ ਨਾਮ ਬਦਲ ਕੇ B.Design (Multimedia) ਅਤੇ Master in Multimedia ਦਾ ਨਾਮ ਬਦਲ ਕੇ M.Design (Multimedia) ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 65)

(ix) (ੳ)ਡਾਇਰੈਕਟਰ ਸਿੱਖਿਆ ਵਿਭਾਗ (ਕਾ), ਪੰਜਾਬ ਵੱਲੋਂ ਪ੍ਰਾਪਤ ਮੀਮੋ ਨੰ: 15/7/16-5ਸਿ ਸੈਲ/180 ਮਿਤੀ, ਚੰਡੀਗੜ੍ਹ: 2-6-16 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਵਿਦਿਅਕ ਸੈਸ਼ਨ 2016-17 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸਬੰਧਤ ਹੇਠ ਲਿਖੇ 5 ਨਵੇਂ ਸਰਕਾਰੀ ਕਾਲਜ ਆਰੰਭ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ:-

1. ਸਰਕਾਰੀ ਕਾਲਜ, ਪਠਾਨਕੋਟ
2. ਸਰਕਾਰੀ ਕਾਲਜ, ਸੁਜਾਨਪੁਰ
3. ਬਾਬਾ ਨਾਮ ਦੇਵ ਸਰਕਾਰੀ ਡਿਗਰੀ ਕਾਲਜ, ਕਿਸ਼ਨਕੋਟ (ਗੁਰਦਾਸਪੁਰ)
4. ਸਰਕਾਰੀ ਕਾਲਜ, ਫਿਲੌਰ (ਜਲੰਧਰ)
5. ਸਰਕਾਰੀ ਕਾਲਜ, ਨਕੋਦਰ (ਜਲੰਧਰ)

(ਅ) ਉਕਤ (ੳ) ਅਧੀਨ 5 ਸਰਕਾਰੀ ਕਾਲਜਾਂ ਦਾ ਨਾਮ ਹੇਠ ਲਿਖੇ ਅਨੁਸਾਰ ਤਬਦੀਲ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਜਾਵੇ:-

| **ਕ੍ਰਮ ਨੰ:** | **ਕਾਲਜ ਦਾ ਨਾਮ** | **ਤਬਦੀਲ ਕੀਤੇ ਅਨੁਸਾਰ ਕਾਲਜ ਦਾ ਨਾਮ** |
|---|---|---|
| 1. | ਸਰਕਾਰੀ ਕਾਲਜ, ਪਠਾਨਕੋਟ | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪਠਾਨਕੋਟ |
| 2. | ਸਰਕਾਰੀ ਕਾਲਜ, ਸੁਜਾਨਪੁਰ | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਸੁਜਾਨਪੁਰ |
| 3. | ਬਾਬਾ ਨਾਮ ਦੇਵ ਸਰਕਾਰੀ ਡਿਗਰੀ ਕਾਲਜ, ਕਿਸ਼ਨਕੋਟ (ਗੁਰਦਾਸਪੁਰ) | ਬਾਬਾ ਨਾਮ ਦੇਵ ਯੂਨੀਵਰਸਿਟੀ ਕਾਲਜ, ਕਿਸ਼ਨਕੋਟ (ਗੁਰਦਾਸਪੁਰ) |
| 4. | ਸਰਕਾਰੀ ਕਾਲਜ, ਫਿਲੌਰ (ਜਲੰਧਰ) | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ (ਜਲੰਧਰ) |
| 5. | ਸਰਕਾਰੀ ਕਾਲਜ, ਨਕੋਦਰ (ਜਲੰਧਰ) | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਕੋਦਰ (ਜਲੰਧਰ) |

(ਸਿੰਡੀਕੇਟ ਪੈਰਾ 85)

(x) ਮੁਖੀ, ਸੰਗੀਤ ਵਿਭਾਗ ਅਤੇ ਡੀਨ, ਫੈਕਲਟੀ ਆਫ ਵਿਜ਼ੂਅਲ ਆਰਟਸ ਐਂਡ ਪਰਫਾਰਮਿੰਗ ਆਰਟਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2016-17 ਤੋਂ ਬੀ.ਏ./ਬੀ.ਐਸਸੀ. ਵਿਚ Commercial Art ਵਿਸ਼ੇ ਦਾ ਨਾਮ ਬਦਲ ਕੇ Applied Art ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 91)

(xi) ਬੋਰਡ ਆਫ ਕੰਟਰੋਲ, ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਦੀ ਇੱਕਤਰਤਾ

ਮਿਤੀ 25.2.2015 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ M.Tech. Software System (Credit Based) ਕੋਰਸ ਨੂੰ Kept in Abeyance ਰੱਖਣ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 99)

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 16.6.2016 ਦੀਆਂ ਉਕਤ ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

8. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. 23 ਅਗਸਤ ਨੂੰ ਪੰਜਾਬ ਦੇ ਨਵੇਂ ਰਾਜਪਾਲ ਅਤੇ ਯੂਨੀਵਰਸਿਟੀ ਦੇ ਚਾਂਸਲਰ, ਮਾਨਯੋਗ ਸ਼੍ਰੀ ਵੀ.ਪੀ. ਸਿੰਘ ਬਦਨੌਰ ਜੀ ਨੇ ਯੂਨੀਵਰਸਿਟੀ ਦਾ ਦੌਰਾ ਕੀਤਾ। ਉਨ੍ਹਾਂ ਨੂੰ ਯੂਨੀਵਰਸਿਟੀ ਦੀਆਂ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਗਈ, ਜਿਸ ਦੀ ਉਨ੍ਹਾਂ ਨੇ ਭਰਪੂਰ ਸ਼ਲਾਘਾ ਕੀਤੀ ਅਤੇ ਆਸ ਪ੍ਰਗਟਾਈ ਕਿ ਯੂਨੀਵਰਸਿਟੀ ਭਵਿੱਖ ਵਿੱਚ ਹੋਰ ਤਰੱਕੀ ਕਰੇਗੀ ।

2. ਭਾਰਤ ਸਰਕਾਰ ਦੇ ਲੇਬਰ ਅਤੇ ਰੋਜ਼ਗਾਰ ਮੰਤਰਾਲੇ ਵਲੋਂ National Service Project (Mission Model Project for Employment Exchanges during 2015-16) ਅਧੀਨ ਯੂਨੀਵਰਸਿਟੀ ਵਿਖੇ **Model Career Centre** ਦੀ ਸਥਾਪਨਾ ਲਈ 32,44,500/- ਰੁਪਏ ਦੀ ਗ੍ਰਾਂਟ ਮੰਜੂਰ ਹੋਈ ਹੈ ਜਿਸ ਵਿਚੋਂ 19,46,700/- ਰੁਪਏ ਦੀ ਗ੍ਰਾਂਟ ਰਲੀਜ਼ ਹੋ ਗਈ ਹੈ।

3. Ministry of Human Resource Development, Government of India ਵਲੋਂ ਅਪ੍ਰੈਲ ਮਹੀਨੇ ਵਿੱਚ National Institutional Ranking Framework (NIRF) ਰਾਹੀਂ ਕਰਵਾਏ ਗਏ ਰੈਂਕਿੰਗ ਸਰਵੇ ਵਿੱਚ ਯੂਨੀਵਰਸਿਟੀ ਨੇ ਇਸ ਵਾਰ 67.32 ਅੰਕ ਪ੍ਰਾਪਤ ਕਰਕੇ ਦੇਸ਼ ਭੱਰ ਦੀਆਂ ਯੂਨੀਵਰਸਿਟੀਆਂ ਵਿਚੋਂ 25ਵਾਂ ਸਥਾਨ ਪ੍ਰਾਪਤ ਕੀਤਾ ਹੈ । ਇਸ ਤੋਂ ਇਲਾਵਾ ਮਿਤੀ 29 ਮਈ ਦੇ "*THE WEEK*" magazine ਵਿੱਚ ਪ੍ਰਕਾਸ਼ਿਤ 71ਵੇਂ The Week-Hansa Research Survey ਅਨੁਸਾਰ ਯੂਨੀਵਰਸਿਟੀ ਨੇ ਦੇਸ਼ ਦੀਆਂ ਪ੍ਰਮੁੱਖ 76 ਯੂਨੀਵਰਸਿਟੀਆਂ ਵਿਚੋਂ 24ਵਾਂ ਸਥਾਨ ਹਾਸਿਲ ਕੀਤਾ ਹੈ ।

4. Ministry of Science and Technology, Govt. of India ਨੇ PURSE programe ਦੇ 2$^{nd}$ Phase ਅਧੀਨ ਯੂਨੀਵਰਸਿਟੀ ਨੂੰ 17.05 ਕਰੋੜ ਰੁਪਏ ਦੀ ਗ੍ਰਾਂਟ ਮੰਜੂਰ ਕੀਤੀ ਹੈ ।

5. ਰਾਜ ਸਭਾ ਦੇ ਮੈਂਬਰ, ਡਾ. ਮਨੋਹਰ ਸਿੰਘ ਗਿੱਲ ਨੇ 4 ਅਪ੍ਰੈਲ ਨੂੰ ਏਸ਼ੀਆ ਹਾਊਸ ਦੀ ਬਿਲਡਿੰਗ ਦੇ ਐਕਸਟੈਂਸ਼ਨ ਦਾ ਉਦਘਾਟਨ ਕੀਤਾ। ਇਸ ਕਾਰਜ ਲਈ ਉਨ੍ਹਾਂ ਵਲੋਂ 50.00 ਲੱਖ ਰੁਪਏ ਦੀ ਰਕਮ ਦਾ ਯੋਗਦਾਨ ਦਿਤਾ ਗਿਆ ।

6. ਡਾ. ਅਸ਼ਵਨੀ ਕੁਮਾਰ, Chairman, Parliamentary Standing Committee on Science & Technology, Environment & Forests, Govt. of India ਨੇ ਯੂਨੀਵਰਸਿਟੀ ਨੂੰ ਏਸ਼ੀਆ ਹਾਊਸ ਵਿੱਚ ਇਕ ਹਾਲ ਦੀ ਉਸਾਰੀ ਕਰਨ ਲਈ MPLAD ਸਕੀਮ ਅਧੀਨ 25.00 ਲੱਖ ਰੁਪਏ ਦੀ ਗ੍ਰਾਂਟ ਮੰਜੂਰ ਕੀਤੀ ਹੈ ।

7. ਜੁਆਲੋਜੀ ਵਿਭਾਗ ਨੂੰ ਯੂ.ਜੀ.ਸੀ. ਵਲੋਂ DRS-I Programme(SAP) ਅਧੀਨ ਮਿਤੀ 1.4.2016 ਤੋਂ 31.3.2021 ਤੱਕ 80.00 ਲੱਖ ਰੁਪਏ ਦੀ ਗ੍ਰਾਂਟ ਮੰਜ਼ੂਰ ਹੋਈ ਹੈ।

8. ਯੂਨੀਵਰਸਿਟੀ ਬਿਜਨੈਸ ਸਕੂਲ ਨੂੰ ਯੂ.ਜੀ.ਸੀ. ਵਲੋਂ DRS-I Programme(SAP) ਅਧੀਨ ਮਿਤੀ 1.4.2016 ਤੋਂ 31.3.2021 ਤੱਕ 43.00 ਲੱਖ ਰੁਪਏ ਦੀ ਗ੍ਰਾਂਟ ਮੰਜ਼ੂਰ ਹੋਈ ਹੈ ਜਿਸ ਅਧੀਨ ਬਿਜਨੈਸ ਦੀ ਨਿਰੰਤਰ ਨੈਤਿਕਤਾ ਤੇ ਸਮਾਜਿਕ ਜ਼ਿੰਮੇਵਾਰੀ 'ਤੇ ਖੋਜ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਭਾਗ ਨੂੰ 9.25 ਲੱਖ ਰੁਪਏ ਦੀ ਹੋਰ ਗ੍ਰਾਂਟ ਵੀ ਪ੍ਰਾਪਤ ਹੋਵੇਗੀ, ਜਿਸ ਨਾਲ ਇਸ ਖੇਤਰ ਵਿਚ ਅੰਕੜੇ ਤੇ ਸੂਚਨਾ ਇਕੱਠੀ ਕੀਤੀ ਜਾਵੇਗੀ।

9. ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ National Mission on Education ਦੀ Centrally Sponsored Plan Scheme ਅਧੀਨ ਯੂਨੀਵਰਸਿਟੀ ਕੈਂਪਸ ਵਿਖੇ Wi-Fi connectivity ਦੀ ਸਹੂਲਤ ਦੇਣ ਲਈ 9.00 ਲੱਖ ਰੁਪਏ ਦੀ ਗ੍ਰਾਂਟ ਮੰਜ਼ੂਰ ਕੀਤੀ ਹੈ ।

10. ਫਿਜ਼ਿਕਸ ਵਿਭਾਗ ਦੀ ਬੀ.ਐਸਸੀ. ਦੀ ਵਿਦਿਆਰਥਣ-ਮਿਸ ਨੇਹਪ੍ਰੀਤ ਕੌਰ ਨੂੰ ਵਿਸ਼ਵ ਦੀਆਂ ਦੋ ਪ੍ਰਸਿੱਧ ਅਕਾਦਮਿਕ ਸੰਸਥਾਵਾਂ ਵਲੋਂ ਫੈਲੋਸ਼ਿਪ ਲਈ ਚੁਣਿਆ ਗਿਆ ਹੈ ਅਤੇ ਉਸ ਦੀ ਮਾਸਟਰਜ਼ ਡਿਗਰੀ ਕਰਨ ਲਈ ਇੰਪੀਰੀਅਲ ਕਾਲਜ ਲੰਡਨ, ਯੂ.ਕੇ. ਅਤੇ ਯੂਨੀਵਰਸਿਟੀ ਆਫ ਟੋਕੀਓ, ਜਾਪਾਨ ਵਿਚ ਚੋਣ ਹੋਈ ਹੈ। ਇੰਪੀਰੀਅਲ ਕਾਲਜ ਵਲੋਂ ਉਸਨੂੰ 25 ਹਜ਼ਾਰ ਪੌਂਡ ਟਿਊਸ਼ਨ ਫੀਸ, 16,296 ਪੌਂਡ ਰਹਿਣ ਸਹਿਣ ਦੇ ਖਰਚੇ ਤੋਂ ਇਲਾਵਾ ਹਵਾਈ ਜਹਾਜ਼ ਰਾਹੀਂ ਯਾਤਰਾ ਦਾ ਖਰਚਾ ਮਿਲੇਗਾ ਜਦਕਿ ਯੂਨੀਵਰਸਿਟੀ ਆਫ ਟੋਕੀਓ ਵਲੋਂ ਪੂਰੀ ਟਿਊਸ਼ਨ ਫੀਸ ਮੁਆਫੀ ਨਾਲ ਪ੍ਰਤੀ ਮਹੀਨਾ ਇਕ ਲੱਖ ਪੰਜਾਹ ਹਜ਼ਾਰ ਜੈੱਨ ਸਕਾਲਰਸ਼ਿਪ ਅਤੇ ਹਵਾਈ ਯਾਤਰਾ ਦਾ ਖਰਚਾ ਦਿੱਤਾ ਜਾਵੇਗਾ ।

11. ਪ੍ਰੋਫੈਸਰ ਬੀ.ਐਸ. ਚੱਢਾ, ਮਾਇਕਰੋਬਾਇਓਲੋਜੀ ਵਿਭਾਗ ਦੇ ਪੀ.ਐਚਡੀ. ਵਿਦਿਆਰਥੀ-ਰੋਹਿਤ ਰਾਏ ਨੂੰ Indo-US Science & Technology Forum, New Delhi ਵਲੋਂ 31 ਅਕਤੂਬਰ, 2016 ਤੋਂ ਛੇ ਮਹੀਨੇ ਲਈ South Dakota School of Mines and Technology, USA ਵਿਖੇ Developing in-house catalytically efficient cellulolytic cocktails derived from Geobacillus sp. and thermophilic fungi for cost effective conversion of lignocellulosics into sugars ਵਿਸ਼ੇ 'ਤੇ ਖੋਜ ਕਰਨ ਲਈ Bioenergy Award for Cutting Edge Research(B-ACER) Internship ਪ੍ਰਦਾਨ ਕੀਤੀ ਗਈ ਹੈ, ਜਿਸ ਤਹਿਤ ਉਸਨੂੰ 11,93,000/- ਰੁਪਏ ਦੀ ਰਾਸ਼ੀ ਮੰਜ਼ੂਰ ਹੋਈ ਹੈ ।

12. ਮਿਤੀ 28-29 ਜੁਲਾਈ ਨੂੰ ਬੈਂਕਾਕ ਵਿਖੇ ਹੋਈ 31st International Conference on Business Economics and Humanities ਵਿੱਚ ਪੰਜਾਬ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ ਪਰਮਿੰਦਰ ਸਿੰਘ ਦੀ ਪੀਐਚ.ਡੀ. ਵਿਦਿਆਰਥਣ-ਅਮਾਨਤ ਭੁੱਲਰ ਨੇ **Economic Reform and Industrial Sickness in Indian Small Scale Section** ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤਾ, ਜੋ ਕਿ ਕਾਨਫਰੰਸ ਦੌਰਾਨ ਬੈਸਟ ਪੇਪਰ ਐਲਾਨਿਆ ਗਿਆ ।

13. ਪੰਜਾਬ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ ਅਮਰਜੀਤ ਸਿੰਘ ਸੇਠੀ ਨੇ ਮਿਤੀ 20-27 ਅਗਸਤ, 2016 ਨੂੰ ਜਰਮਨੀ ਵਿਖੇ ਹੋਈ 34th General Conference of the International Association for Research in Income and Wealth ਵਿੱਚ **Health Status and Calorie inequalities Linkage among Major Indian States: An Empirical Exploration** ਅਤੇ **Does the Imbalance in Growth-Job Pattern Influence Fiscal Health?** ਵਿਸ਼ੇ 'ਤੇ ਪਰਚੇ ਪੜ੍ਹੇ ।

14. 17 ਜੂਨ ਨੂੰ ਯੂਨੀਵਰਸਿਟੀ ਅਤੇ ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ ਬਾਇਓ ਐਨਰਜੀ, ਕਪੂਰਥਲਾ ਦਰਮਿਆਨ ਖੋਜ ਤੇ ਵਿਦਿਆਰਥੀਆਂ ਦੀ ਸਿਖਲਾਈ ਲਈ ਅਹਿਮ ਸਮਝੌਤੇ ਕੀਤੇ ਗਏ ।

15. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਮਿਤੀ 17 ਜੂਨ ਤੋਂ 19 ਸਤੰਬਰ ਤੱਕ Axis Bank, Panacea Biotec ਕੰਪਨੀਆਂ ਵਲੋਂ ਵੱਖ-ਵੱਖ ਵਿਭਾਗਾਂ ਦੇ 44 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਹੈ । ਇਸ ਤਰ੍ਹਾਂ ਅਗਸਤ, 2015 ਤੋਂ ਮਈ, 2016 ਤੱਕ ਬੈਚ 2016 ਦੇ ਕੁਲ 830 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ। ਇਸ ਤੋਂ ਇਲਾਵਾ Tata Consultancy Service, Capgemini, Nagarro, Infogain ਆਦਿ ਕੰਪਨੀਆਂ ਵਲੋਂ ਬੈਚ-2017 ਦੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਹੁਣ ਤੱਕ 347 ਵਿਦਿਆਰਥੀਆਂ ਦੀ ਪਲੇਸਮੈਂਟ ਕੀਤੀ ਗਈ ਹੈ ।

16. ਹਰ ਸਾਲ ਦੀ ਤਰ੍ਹਾਂ 2016-17 ਦੇ ਅਕਾਦਮਿਕ ਸੈਸ਼ਨ ਲਈ ਵੀ ਵਿਦਿਆਰਥੀਆਂ ਦਾ ਦੂਸਰੀਆਂ ਵਿਦਿਅਕ ਸੰਸਥਾਵਾਂ ਦੀ ਬਜਾਏ ਸਾਡੀ ਯੂਨੀਵਰਸਿਟੀ ਵਿੱਚ ਦਾਖਲੇ ਲਈ ਵਧੇਰੇ ਰੁਝਾਣ ਰਿਹਾ ।

17. ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ ਮਿਤੀ 23-24 ਜੂਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ **ਬਾਬਾ ਬੰਦਾ ਸਿੰਘ ਬਹਾਦੁਰ : ਜੀਵਨ ਤੇ ਵਿਰਾਸਤ** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਜੱਥੇਦਾਰ ਅਵਤਾਰ ਸਿੰਘ ਮੱਕੜ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਪ੍ਰੋਫੈਸਰ ਦਿਲਬਾਗ ਸਿੰਘ ਨੇ ਕੁੰਜੀਵਤ ਭਾਸ਼ਣ ਦਿੱਤਾ ।

18. ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ ਮਿਤੀ 1 ਸਤੰਬਰ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਇਕ ਦਿਨਾ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਸਾਬਕਾ ਜੱਥੇਦਾਰ ਸਿੰਘ ਸਾਹਿਬ ਜੋਗਿੰਦਰ ਸਿੰਘ ਵੇਦਾਂਤੀ ਨੇ ਕੀਤੀ ਅਤੇ ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਕੁੰਜੀਵਤ ਭਾਸ਼ਣ ਦਿੱਤਾ ।

19. **ਖੇਡ ਵਿਭਾਗ ਦੀਆਂ ਉਪਲੱਬਧੀਆਂ:**
   - **28 ਜੂਨ ਤੋਂ 2 ਜੁਲਾਈ ਤੱਕ ਹੈਦਰਾਬਾਦ ਵਿਖੇ ਹੋਈ 56th National Inter State Sr. Athletics Championship ਵਿੱਚ ਯੂਨੀਵਰਸਿਟੀ ਦੇ ਦੋ ਐਥਲੀਟਾਂ ਨੇ Punjab State** Team in 4x100 m. Relay ਵਿੱਚ ਹਿੱਸਾ ਲਿਆ ਅਤੇ ਪੰਜਾਬ ਦੀ ਟੀਮ ਚੈਂਪੀਅਨਸ਼ਿਪ ਵਿੱਚ ਚੌਥੇ ਸਥਾਨ ਤੇ ਰਹੀ ਅਤੇ ਯੂਨੀਵਰਸਿਟੀ ਦੀ ਖਿਡਾਰਣ ਨਵਜੀਤ ਕੌਰ ਨੇ Discus Throw ਵਿੱਚ Gold Medal ਅਤੇ Shot Put ਵਿੱਚ Silver Medal ਜਿੱਤਿਆ ।
   - 10 ਤੋਂ 13 ਸਤੰਬਰ ਤੱਕ ਪਟਿਆਲਾ ਵਿਖੇ ਹੋਈ All India Inter-

University Rowing (Men & Women) Championship ਵਿੱਚ ਮਰਦਾਂ ਦੀ ਟੀਮ ਨੇ Double Skull 500 mtr.ਵਿੱਚ Gold Medal ਅਤੇ Double Skull 2000 mtr. ਵਿੱਚ Silver Medal ਜਿੱਤਿਆ ਅਤੇ ਮਹਿਲਾ ਟੀਮ ਨੇ Coxless four 500 mtr. ਵਿੱਚ Silver Medal ਜਿੱਤਿਆ ।

20. **ਯੁਵਕ ਭਲਾਈ ਵਿਭਾਗ ਦੀਆਂ ਗਤੀਵਿਧੀਆਂ:**

- 28 ਮਈ ਤੋਂ 10 ਜੁਲਾਈ ਤੱਕ ਵਿਭਾਗ ਵਲੋਂ ਸਟੂਡੈਂਟਸ ਹੋਲੀ-ਡੇ ਹੋਮ, ਡਲਹੌਜੀ ਵਿਖੇ ਯੂਨੀਵਰਸਿਟੀ ਕੈਂਪਸ ਅਤੇ ਸਬੰਧਿਤ ਕਾਲਜਾਂ ਦੇ ਲੜਕੇ ਅਤੇ ਲੜਕੀਆਂ ਦੇ ਹਾਈਕਿੰਗ ਟਰੈਕਿੰਗ ਕੈਂਪਾਂ ਦਾ ਆਯੋਜਨ ਕੀਤਾ ਗਿਆ।
- ਯੁਵਕ ਭਲਾਈ ਵਿਭਾਗ ਵਲੋਂ ਇਸ ਸਾਲ 19 ਸਤੰਬਰ ਤੋਂ 5 ਨਵੰਬਰ ਤੱਕ 6 ਜ਼ੋਨਲ ਯੂਥ ਫੈਸਟੀਵਲ ਅਤੇ 1 ਅੰਤਰ-ਜ਼ੋਨਲ ਫਾਈਨਲ ਯੂਥ ਫੈਸਟੀਵਲ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਯੂਨੀਵਰਸਿਟੀ ਨਾਲ ਸਬੰਧਿਤ ਸਰਕਾਰੀ, ਕਾਂਸਟੀਚੂਐਂਟ, ਐਸੋਸੀਏਟ ਅਤੇ ਸਹਾਇਤਾ ਪ੍ਰਾਪਤ ਕਾਲਜਾਂ ਦੇ ਵਿਦਿਆਰਥੀ ਸੰਗੀਤ, ਥੀਏਟਰ, ਲਿਟਰੇਰੀ, ਫਾਈਨ ਆਰਟਸ ਅਤੇ ਡਾਂਸ ਨਾਲ ਸਬੰਧਿਤ 34 ਵੱਖ-ਵੱਖ ਆਈਟਮਾਂ ਵਿੱਚ ਕਲਾ ਦਾ ਜੌਹਰ ਵਿਖਾਉਣਗੇ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

**ਪੱਕੀ ਕੀਤੀ ਗਈ**

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ